# ਵਿੱਦਿਅਕ ਟੂਰ/ ਸੈਰ ਸਪਾਟੇ ਲਈ ਸਕੂਲ ਮੁਖੀ ਨੂੰ ਪੱਤਰ।

ਸੇਵਾ ਵਿਖੇ

ਮੁੱਖ ਅਧਿਆਪਕ ਜੀ,

ਸਰਕਾਰੀ ਹਾਈ ਸਕੂਲ,

ਭਿੰਡੀ ਔਲਖ।

ਸ੍ਰੀਮਾਨ ਜੀ,


ਬੇਨਤੀ ਹੈ ਕਿ ਅਸੀਂ ਅੱਠਵੀਂ ਜਮਾਤ ਦੇ ਵਿਦਿਆਰਥੀ ਆਉਂਦੇ ਸ਼ਨੀਵਾਰ ਨੂੰ ਚੰਡੀਗੜ੍ਹ ਟੂਰ ‘ਤੇ ਜਾਣਾ ਚਾਹੁੰਦੇ ਹਾਂ।

## ਚੰਡੀਗੜ੍ਹ ਅਸੀਂ ਕੁੱਝ ਥਾਵਾਂ ਦੇਖਣਾ ਚਾਹੁੰਦੇ ਹਾਂ, ਜਿਵੇਂ :

## ਸਿਵਲ ਸਕੱਤਰੇਤ ਪੰਜਾਬ




# ਵਿਧਾਨ ਸਭਾ ਭਵਨ ਚੰਡੀਗੜ੍ਹ




# ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ




# ਰਾਕ ਗਾਰਡਨ ਚੰਡੀਗੜ੍ਹ











# ਰੋਜ਼ ਗਾਰਡਨ ਚੰਡੀਗੜ੍ਹ









# ਸੁਖਨਾ ਝੀਲ ਚੰਡੀਗੜ੍ਹ











# ਆਰਟ ਮਿਊਜ਼ੀਅਮ ਚੰਡੀਗੜ੍ਹ







# ਪੰਜਾਬ ਯੂਨੀਵਰਸਿਟੀ ਚੰਡੀਗੜ੍ਹ










ਚੰਡੀਗੜ੍ਹ ਤੋਂ ਆਉਂਦੇ ਸਮੇਂ ਅਸੀਂ ਛੱਤਬੀੜ ਚਿੜੀਆ ਘਰ ਵੀ ਦੇਖਣਾ ਚਾਹੁੰਦੇ ਹਾਂ।









ਆਸ ਹੈ ਤੁਸੀਂ ਸਾਨੂੰ ਇਸ ਟੂਰ ਤੇ ਜਾਣ ਦੀ ਇਜਾਜ਼ਤ ਦੇ ਦੇਵੋਗੇ। ਸਾਡੇ ਪੰਜਾਬੀ ਵਾਲੇ ਅਧਿਆਪਕ ਨੇ ਸਾਡੇ ਨਾਲ ਜਾਣਾ ਪ੍ਰਵਾਨ ਕਰ ਲਿਆ ਹੈ।

ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

ਆਪ ਜੀ ਦੇ ਆਗਿਆਕਾਰੀ,

ਅੱਠਵੀਂ ਜਮਾਤ ਦੇ

ਵਿਦਿਆਰਥੀ।

ਮਿਤੀ 16 ਅਪ੍ਰੈਲ 2020.